Alberta Government

**News** release

# ਕੋਵਿਡ-19(COVID-19) ਦੌਰਾਨ ਅਲਬਰਟਨਜ਼ ਦੀ ਸਹਾਇਤਾ

ਅਪ੍ਰੈਲ 6, 2020 ਮੀਡੀਆ ਪੁੱਛਗਿੱਛ Media inquiries

---

## ਇਹ ਸਾਰੇ ਅਲਬਰਟਨਜ਼ ਲਈ ਬਹੁਤ ਹੀ ਮੁਸ਼ਕਿਲ ਸਮਾਂ ਹੈ ਸੋ ਇਸ ਮਹਾਂਮਾਰੀ ਦੌਰਾਨ ਕਾਮਿਆਂ ਨੂੰ ਨੌਕਰੀ ਦੀ ਸੁਰੱਖਿਆ ਦੇਣ ਲਈ ਅਤੇ ਮਾਲਕਾਂ ਨੂੰ ਹੋਰ ਲਚੀਲਾ ਮਹੌਲ ਦੇਣ ਲਈ ਕੁਝ ਥੋੜੇ ਸਮੇ ਦੇ ਨਿਯਮ ਬਣਾਏ ਜਾਣਗੇ।

ਸਿਹਤ ਦੇ ਮੁੱਖ ਮੈਡੀਕਲ ਅਫਸਰ ਦੁਆਰਾ ਦਿੱਤੀਆਂ ਦਿਸ਼ਾਵਾਂ ਅਤੇ ਸਿਫਾਰਸ਼ਾਂ ਦਾ ਪਾਲਣਾ ਕਰਦਿਆਂ ਮਾਲਕਾਂ ਨੂੰ ਕੰਮਾਂ ਨੂੰ ਮਹੱਤਵਪੂਰਨ ਢੰਗ ਨਾਲ ਵਿਵਸਥਿਤ ਕਰਨਾ ਪਿਆ। ਅਲਬਰਟਾ ਸਰਕਾਰ ਮਾਲਕਾਂ ਨੂੰ ਜਨਤਕ ਸਿਹਤ ਦੇ ਉਪਾਵਾਂ ਪ੍ਰਤੀ ਉਚਿਤ ਪ੍ਰਤਿਕ੍ਰਿਆ ਦੇਣ ਅਤੇ ਉਸੇ ਸਮੇਂ ਕਰਮਚਾਰੀਆਂ ਨੂੰ ਨੌਕਰੀਆਂ ਨਾਲ ਜੋੜੀ ਰੱਖਣ ਅਤੇ ਸੰਘੀ ਸਹਾਇਤਾ ਪ੍ਰੋਗਰਾਮਾਂ ਤੱਕ ਪਹੁੰਚਣ ਦੀ ਯੋਗਤਾ ਦੀ ਆਗਿਆ ਦੇਣ ਲਈ ਤੁਰੰਤ ਕਾਰਵਾਈ ਕਰ ਰਹੀ ਹੈ।

"ਅਲਬਰਟਨਜ਼ ਦੀ ਸਿਹਤ ਅਤੇ ਸੁਰੱਖਿਆ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ। ਅਲਬਰਟਾ ਸਰਕਾਰ COVID-19 ਦੇ ਫੈਲਣ ਨੂੰ ਰੋਕਣ ਵਿੱਚ ਹਰ ਸੰਭਵ ਸਹਾਇਤਾ ਕਰ ਰਹੀ ਹੈ। ਰੁਜ਼ਗਾਰ ਦੇ ਮਿਆਰਾਂ ਦੇ ਨਿਯਮਾਂ ਵਿੱਚ ਤਬਦੀਲੀਆਂ ਇਹ ਯਕੀਨੀ ਬਣਾਉਣਗੀਆਂ ਕਿ ਅਲਬਰਟਾ ਦੇ ਨੌਕਰੀ ਕਰਨ ਵਾਲਿਆਂ ਨੂੰ ਲਚੀਲਾਪਨ ਪ੍ਰਦਾਨ ਕਰਦਿਆਂ ਚੁਣੌਤੀਪੂਰਨ ਸਮੇਂ ਦੌਰਾਨ ਅਲਬਰਟਨ ਆਪਣੀ ਅਤੇ ਆਪਣੇ ਪਰੀਜਨਾਂ ਦੀ ਦੇਖਭਾਲ ਕਰ ਸਕਣ। "

*ਜੇਸਨ ਕੋਪਿੰਗ, ਲੇਬਰ ਅਤੇ ਇਮੀਗ੍ਰੇਸ਼ਨ ਮੰਤਰੀ*

## ਕਰਮਚਾਰੀਆਂ ਲਈ ਬਦਲਾਅ

- ਸਕੂਲ ਅਤੇ ਡੇ-ਕੇਅਰ ਬੰਦ ਹੋਣ ਤੋਂ ਪ੍ਰਭਾਵਿਤ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਜਾਂ ਕੋਵੀਡ-19 ਦੇ ਕਾਰਨ ਬਿਮਾਰ ਜਾਂ ਇਕਾਂਤਵਾਸ ਵਿੱਚ ਪਰਿਵਾਰਕ ਮੈਂਬਰਾਂ ਨਾਲ ਕਰਮਚਾਰੀਆਂ ਨੂੰ ਬਿਨਾਂ ਤਨਖਾਹ ਤੋਂ ਨੌਕਰੀ-ਸੁਰੱਖਿਅਤ ਛੁੱਟੀ(unpaid job-protected leave) ਦੀ ਪਹੁੰਚ ਮਿਲੇਗੀ। 90 ਦਿਨਾਂ ਦੀ ਨੌਕਰੀ ਲੋੜ ਮੁਆਫ ਕੀਤੀ ਜਾਂਦੀ ਹੈ ਅਤੇ ਛੁੱਟੀ ਦੀ ਲੰਬਾਈ ਲਚਕਦਾਰ ਹੈ।

## ਕਰਮਚਾਰੀਆਂ ਅਤੇ ਮਾਲਕਾਂ ਲਈ ਬਦਲਾਅ

- ਟੈਂਪਰੇਰੀ ਲੇ-ਆਫ ਤੇ ਜਾਣ ਵਾਲੇ ਕਰਮਚਾਰੀਆਂ ਨੂੰ ਵਧੇਰੇ ਸਮੇਂ ਲਈ ਨੌਕਰੀ ਵਿੱਚ ਰਹਿਣ ਲਈ ਇਹ ਯਕੀਨੀ ਬਣਾਉਣ ਲਈ ਟੈਂਪਰੇਰੀ ਲੇ ਆਫ ਲਈ ਅਧਿੱਕਤਮ ਸਮਾਂ ਸੀਮਾਂ 60 ਦਿਨਾਂ ਤੋਂ ਵਧਾ ਕੇ 120 ਦਿਨਾਂ ਤੱਕ ਕੀਤੀ ਗਈ ਹੈ। ਇਹ ਤਬਦੀਲੀ COVID-19 ਨਾਲ ਸਬੰਧਿਤ ਕਿਸੇ ਅਸਥਾਈ ਛਾਂਟੀ(ਲੇ-ਆਫ) ਲਈ ਹੈ ਜੋ 17 ਮਾਰਚ ਨੂੰ ਜਾਂ ਇਸ ਤੋਂ ਬਾਅਦ ਵਾਪਰੀ ਸੀ।

## ਮਾਲਕਾਂ ਲਈ ਬਦਲਾਅ

- ਸ਼ਿਫਟ ਤਬਦੀਲੀਆਂ ਲਈ 24-ਘੰਟੇ ਦੀ ਲਿਖਤ ਨੋਟਿਸ ਦੀ ਲੋੜ ਨੂੰ ਹਟਾ ਕੇ ਅਤੇ ਔਸਤਨ ਇਕਰਾਰਨਾਮੇ ਦੇ ਅਧੀਨ ਉਹਨਾਂ ਦੇ ਕੰਮ ਦੇ ਸਕੈਜੁਅਲ ਵਿੱਚ ਤਬਦੀਲੀ ਲਈ ਦੋ ਹਫ਼ਤਿਆਂ ਦੇ ਨੋਟਿਸ ਨੂੰ ਹਟਾ ਕੇ ਸਕੈਜੁਅਲ ਲਚਕਤਾ ਵਿੱਚ ਸੁਧਾਰ ਕੀਤਾ ਹੈ।
- ਜਦੋਂ 50 ਜਾਂ ਵਧੇਰੇ ਕਰਮਚਾਰੀਆਂ ਨੂੰ ਹਟਾਇਆ ਜਾਂਦਾ ਹੈ ਤਾਂ ਕਰਮਚਾਰੀਆਂ ਅਤੇ ਯੂਨੀਅਨਾਂ ਨੂੰ ਸਮੂਹ ਸਮਾਪਤੀ ਨੋਟਿਸ ਪ੍ਰਦਾਨ ਕਰਨ ਦੀ ਜ਼ਰੂਰਤ ਨੂੰ ਖਤਮ ਕਰਨਾ।
- ਰੁਜ਼ਗਾਰ ਦੇ ਮਾਪਦੰਡਾਂ ਨੂੰ ਸੋਧਣ ਨਾਲ ਸੰਬੰਧਿਤ ਪ੍ਰਵਾਨਗੀ ਲਈ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਤਾਂ ਜੋ ਮਾਲਕ ਅਤੇ ਕਰਮਚਾਰੀ ਜਨਤਕ ਸਿਹਤ ਐਮਰਜੈਂਸੀ ਦੇ ਕਾਰਨ ਕੰਮ ਸਥਾਨ ਤੇ ਬਦਲੀਆਂ ਸਥਿਤੀਆਂ ਪ੍ਰਤੀ ਜਲਦੀ ਜਵਾਬ ਦੇ ਸਕਣ।

## ਸਮਾਂ ਕਾਲ

ਉਪਰੋਕਤ ਤਬਦੀਲੀਆਂ ਤੁਰੰਤ ਲਾਗੂ ਹਨ ਅਤੇ ਉਦੋਂ ਤੱਕ ਲਾਗੂ ਰਹਿਣਗੀਆਂ ਜਦੋਂ ਤੱਕ ਸਰਕਾਰ ਇਹ ਸਮਝਦੀ ਹੈ ਕਿ ਇਸਦੀ ਜ਼ਰੂਰਤ ਹੈ ਅਤੇ ਜਨਤਕ ਸਿਹਤ ਐਮਰਜੈਂਸੀ ਦੇ ਹੁਕਮ ਜਾਰੀ ਹਨ।

ਅਲਬਰਟਾ ਕੋਲ ਕੋਵਿਡ -19(COVID-19) ਦਾ ਵਿਸਥਾਰਿਤ ਹੁੰਗਾਰਾ ਹੈ ਜਿਸ ਵਿੱਚ ਸਮਾਜਿਕ ਦੂਰੀ, ਸਕ੍ਰੀਨਿੰਗ ਅਤੇ ਟੈਸਟਿੰਗ ਵਧਾਉਣ ਦੇ ਉਪਾਅ ਸ਼ਾਮਲ ਹਨ। ਵਿੱਤੀ ਸਹਾਇਤਾ ਅਲਬਰਟਾ ਪਰਿਵਾਰਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰ ਰਹੀਆਂ ਹਨ।

*ਅਲਬਰਟਾ ਕੋਲ ਕੋਵਿਡ-19(COVID-19) ਨਾਲ ਨਜਿੱਠਣ ਲਈ ਪੂਰੀ ਤਿਆਰੀ ਹੈ ਜਿਸ ਵਿੱਚ ਸਮਾਜਿਕ ਦੂਰੀ, ਸਕ੍ਰੀਨਿੰਗ ਅਤੇ ਟੈਸਟਿੰਗ ਵਧਾਉਣ ਦੇ ਉਪਾਅ ਸ਼ਾਮਿਲ ਹਨ। ਵਿੱਤੀ ਸਹਾਇਤਾ ਅਲਬਰਟਾ ਦੇ ਪਰਿਵਾਰਾਂ ਅਤੇ ਬਿਜ਼ਨਸਾਂ ਦੀ ਸਹਾਇਤਾ ਕਰ ਰਹੀ ਹੈ।*

## ਸੰਬੰਧਿਤ ਜਾਣਕਾਰੀ

- COVID-19 info for Albertans
- COVID-19 supports for employers, employees
- Personal and family responsibility leave
- Group terminations
- Temporary layoffs
- Averaging agreements
- Minister's variance or exemption
- Director's variance

## ਮੀਡੀਆ ਪੁੱਛਗਿੱਛ

**Adrienne South**

780-293-4684
ਪ੍ਰੈਸ ਸੈਕਟਰੀ, ਲੇਬਰ ਅਤੇ ਇਮੀਗ੍ਰੇਸ਼ਨ

[View this announcement online]
[Government of Alberta newsroom]
[Contact government]
[Unsubscribe]